ਅਤਿ ਜਰੂਰੀ

**ਪੰਜਾਬ ਸਰਕਾਰ**
**ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ**
**ਵਿੱਤੀ ਕਮਿਸ਼ਨਰ ਸਕੱਤਰੇਤ**
**(ਅਸ਼ਟਾਮ ਤੇ ਰਜਿਸਟ੍ਰੇਸ਼ਨ ਸ਼ਾਖਾ)**

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰਜ।
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ।
3. ਇੰਸਪੈਕਟਰ ਜਨਰਲ ਆਫ ਰਜਿਸਟ੍ਰੇਸ਼ਨ ਪੰਜਾਬ।

ਮੀਮੋ ਨੰ: 01/02/2020/ST-2/6226-28
ਚੰਡੀਗੜ੍ਹ, ਮਿਤੀ 06-05-2020

**ਵਿਸ਼ਾ** ਸਬ-ਰਜਿਸਟਰਾਰ ਦਫਤਰਾਂ ਵਿਖੇ ਦਸਤਾਵੇਜਾਂ ਦੀ ਰਜਿਸਟ੍ਰੇਸ਼ਨ ਦੇ ਕੰਮ ਨੂੰ ਸ਼ੁਰੂ ਕਰਨ ਬਾਰੇ।

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਪੰਜਾਬ ਸਰਕਾਰ ਵੱਲੋਂ ਹੌਲੀ-ਹੌਲੀ (Gradually) ਰਜਿਸਟ੍ਰੇਸ਼ਨ ਦੇ ਕੰਮ ਨੂੰ ਮੁੜ ਤੋਂ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਉਕਤ ਫੈਸਲੇ ਅਨੁਸਾਰ ਮਾਲ ਵਿਭਾਗ ਵੱਲੋਂ ਵੱਖ-ਵੱਖ ਕਿਸਮ ਦੇ ਵਸੀਕਿਆਂ ਦੀ ਰਜਿਸਟ੍ਰੇਸ਼ਨ ਦੇ ਕੰਮ ਨੂੰ ਮੁੜ ਸ਼ੁਰੂ ਕਰਨ ਲਈ ਹੇਠ ਅਨੁਸਾਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:-

1. ਸੰਤਰੀ (Orange) ਅਤੇ ਹਰੀ (Green) ਸੂਚੀ ਵਿੱਚ ਰੱਖੇ ਗਏ ਜਿਲ੍ਹਿਆਂ ਵਿੱਚ ਆਨ ਲਾਇਨ ਸਿਸਟਮ ਰਾਹੀਂ ਦਸਤਾਵੇਜਾਂ ਨੂੰ ਰਜਿਸਟਰ ਕਰਵਾਉਣ ਲਈ ਮੌਜੂਦਾ ਨਿਸ਼ਚਿਤ ਗਿਣਤੀ ਦੇ 50 ਪ੍ਰਤੀਸ਼ਤ ਗਿਣਤੀ ਮਿੱਥ ਕੇ ਵਸੀਕੇ ਰਜਿਸਟਰ ਕੀਤੇ ਜਾਣਗੇ।
2. ਲਾਲ (Red) ਸੂਚੀ ਵਿੱਚ ਰੱਖੇ ਗਏ ਜਿਲ੍ਹਿਆਂ ਵਿੱਚ ਆਨ ਲਾਇਨ ਸਿਸਟਮ ਰਾਹੀਂ ਦਸਤਾਵੇਜਾਂ ਨੂੰ ਰਜਿਸਟਰ ਕਰਵਾਉਣ ਲਈ ਮੌਜੂਦਾ ਨਿਸ਼ਚਿਤ ਗਿਣਤੀ ਦਾ ਤੀਜਾ ਹਿੱਸਾ ($1/3^{rd}$) ਜਾਂ ਵੱਧ ਤੋਂ ਵੱਧ 50 ਵਸੀਕੇ ਹੀ ਰੋਜਾਨਾ ਰਜਿਸਟਰ ਕੀਤੇ ਜਾਣਗੇ।
3. ਆਨ ਲਾਇਨ ਦਸਤਾਵੇਜਾਂ ਦੀ ਰਜਿਸਟ੍ਰੇਸ਼ਨ ਦੇ ਕੰਮ ਵਿੱਚ ਬਾਇਓਮੈਟਰਿਕ (Biometric) ਹਾਲ ਦੀ ਘੜੀ ਬੰਦ ਰੱਖੇ ਜਾਣਗੇ।
4. ਵਸੀਅਤ (Will) ਦੇ ਦਸਤਾਵੇਜਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਸਿਸਟਮ ਰਾਹੀਂ ਆਨ ਲਾਇਨ ਹੀ ਰਜਿਸਟਰ ਕੀਤਾ ਜਾਵੇਗਾ।
5. ਉਕਤ ਤੋਂ ਇਲਾਵਾ ਹੋਰ ਦਸਤਾਵੇਜਾਂ ਨੂੰ ਆਨਲਾਇਨ ਰਜਿਸਟਰ ਕਰਵਾਉਣ ਲਈ ਵੇਚਣ ਵਾਲੇ/ਵਸੀਕਾ ਤਸਦੀਕ ਕਰਵਾਉਣ ਵਾਲੇ ਦੀ ਫੋਟੋ Real Time ਅਤੇ Online ਪਹਿਲਾ ਵਾਂਗ ਹੀ ਲਈ ਜਾਵੇਗੀ ਜਦਕਿ ਵਸੀਕੇ ਨਾਲ ਸਬੰਧਤ ਖਰੀਦਦਾਰ/ਦੂਜੀ ਧਿਰ ਅਤੇ ਗਵਾਹਾਨ ਆਦਿ ਦੀਆਂ ਤਾਜਾ ਪਾਸਪੋਰਟ ਸਾਇਜ ਸਵੈ-ਤਸਦੀਕ ਕੀਤੀਆਂ ਫੋਟੋਆਂ ਦਸਤਾਵੇਜਾਂ ਉੱਤੇ ਲਗਾਈਆ ਜਾਣਗੀਆਂ।

6. ਹਾਲ ਦੀ ਘੜੀ ਖੂਨੀ ਰਿਸ਼ਤਿਆਂ ਵਿੱਚ ਕੀਤੇ ਜਾਂਦੇ ਤਬਦੀਲ ਮਲਕੀਅਤ ਦੇ ਵਸੀਕਿਆਂ ਨੂੰ ਰਜਿਸਟਰ ਕਰਨ ਤੇ ਪੂਰਨ ਰੋਕ ਹੋਵੇਗੀ ਅਤੇ ਇਸ ਮੁੱਦੇ ਸਬੰਧੀ ਫੈਸਲਾ ਮੌਜੂਦਾ ਸਥਿਤੀ ਨੂੰ ਵਿਚਾਰ ਕੇ ਬਾਅਦ ਵਿੱਚ ਲਿਆ ਜਾਵੇਗਾ।

2.0 ਉਕਤ ਤੋਂ ਇਲਾਵਾ ਆਪ ਜੀ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਰਜਿਸਟ੍ਰੇਸ਼ਨ ਦੇ ਕੰਮ ਤੋਂ ਇਲਾਵਾ ਮਾਲ ਵਿਭਾਗ ਵਿੱਚ ਫਰਦ ਕੇਂਦਰ ਵੀ ਖੋਲੇ ਜਾਣਗੇ ਜੋ ਕਿ ਆਮ ਦਿਨ੍ਹਾ ਵਾਂਗ ਹੀ ਕੰਮ ਕਰਨਗੇ ਅਤੇ ਇਸ ਦੇ ਨਾਲ ਹੀ ਤਹਿਸੀਲ ਕੰਪਲੈਕਸ ਵਿੱਚ ਕੰਮ ਕਰਦੇ ਅਸ਼ਟਾਮ ਫਰੋਸ਼, ਵਸੀਕਾ ਨਵੀਸ, ਕੰਪੀਊਟਰ ਆਪਰੇਟਰ, ਫੋਟੋਗ੍ਰਾਫਰ ਅਤੇ ਅਰਜੀ ਨਵੀਸ ਆਦਿ ਵੀ ਉਕਤ ਸਾਰੀਆਂ ਹਦਾਇਤਾ ਦਾ ਪਾਲਣ ਕਰਦੇ ਹੋਏ ਆਪਣਾ ਕੰਮ ਸ਼ੁਰੂ ਕਰ ਲੈਣਗੇ।

3.0 ਸਬ-ਰਜਿਸਟਰਾਰ/ਸੰਯੁਕਤ ਸਬ-ਰਜਿਸਟਰਾਰ ਦਫਤਰਾਂ ਵਿੱਚ ਰਜਿਸਟ੍ਰੇਸ਼ਨ ਦੇ ਸਮੇਂ ਅਤੇ ਫਰਦ ਕੇਂਦਰ ਵਿੱਚ ਡਿਊਟੀ ਕਰਦੇ ਸਮੇਂ ਅਤੇ ਤਹਿਸੀਲ ਵਿੱਚ ਕੰਮ ਕਰਦੇ ਵਸੀਕਾਂ ਨਵੀਸਾਂ, ਅਸ਼ਟਾਮ ਫਰੋਸ਼, ਅਰਜੀ ਨਵੀਸ, ਫੋਟੋਗ੍ਰਾਫਰ ਅਤੇ ਕੰਪੀਊਟਰ ਆਪਰੇਟਰ ਵੱਲੋਂ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸੁਰੱਖਿਆ ਸਬੰਧੀ ਵੱਖ-ਵੱਖ ਸਮੇਂ ਤੇ ਜਾਰੀ ਕੀਤੀਆਂ ਹਦਾਇਤਾ ਅਤੇ ਦਿਸ਼ਾ ਨਿਰਦੇਸ਼ਾ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ ਅਤੇ ਮੌਜੂਦਾ ਭੂਗੋਲਿਕ ਸਥਿਤੀ ਨੂੰ ਮੁੱਖ ਰੱਖਦੇ ਹੋਏ ਕਰਮਚਾਰੀਆਂ ਅਤੇ ਆਮ ਪਬਲਿਕ ਵੱਲੋਂ ਆਪਸ ਵਿੱਚ ਮਿਥਿਆ ਫਾਸਲਾ ਰੱਖਣਾ ਯਕੀਨੀ ਬਣਾਇਆ ਜਾਵੇਗਾ।

4.0 ਆਪ ਜੀ ਦਾ ਧਿਆਨ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪੀ.ਪੀ.-2 ਸ਼ਾਖਾ) ਵੱਲੋਂ ਆਪਣੇ ਪੱਤਰ ਨੰ: 12/7/2020-4 ਪੀ.ਪੀ.2/223 ਮਿਤੀ 04.05.2020 ਰਾਹੀਂ ਜਾਰੀ ਹਦਾਇਤਾਂ ਵੱਲ ਦਿਵਾਉਂਦੇ ਹੋਏ ਇਨ੍ਹਾਂ ਹਦਾਇਤਾਂ/ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਨ ਹਿੱਤ ਵੀ ਲਿਖਿਆ ਜਾਂਦਾ ਹੈ।

5.0 ਉਕਤ ਹਦਾਇਤਾ ਦੀ ਇੰਨ-ਬਿੰਨ ਪਾਲਨਾ ਕਰਦੇ ਹੋਏ ਸਬ-ਰਜਿਸਟਰਾਰ ਦਫਤਰਾਂ, ਫਰਦ ਕੇਂਦਰਾਂ, ਵਸੀਕਾਂ ਨਵੀਸਾਂ, ਅਸ਼ਟਾਮ ਫਰੋਸ਼, ਅਰਜੀ ਨਵੀਸ, ਫੋਟੋਗ੍ਰਾਫਰ ਅਤੇ ਕੰਪੀਊਟਰ ਆਪਰੇਟਰ ਆਦਿ ਨੂੰ ਮਿਤੀ 08.05.2020 ਤੋਂ ਕੰਮ ਸ਼ੁਰੂ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

6.0 ਇਹ ਦਿਸ਼ਾ ਨਿਰਦੇਸ਼ ਸਮਰੱਥ ਅਥਾਰਟੀ ਦੀ ਪਰਵਾਨਗੀ ਉਪਰੰਤ ਜਾਰੀ ਕੀਤੇ ਜਾ ਰਹੇ ਹਨ।

ਕੈਪਟਨ ਕਰਨੈਲ ਸਿੰਘ
ਵਧੀਕ ਸਕੱਤਰ ਮਾਲ
ਵਾਸਤੇ ਵਿੱਤੀ ਕਮਿਸ਼ਨਰ ਮਾਲ-ਕਮ-
ਚੀਫ ਕੰਟਰੋਲਿੰਗ ਰੈਵੀਨਿਊ ਅਥਾਰਟੀ

ਪਿ.ਅ.ਨੰ: 01/02/2020/ST-2/6229-6234 ਚੰਡੀਗੜ੍ਹ ਮਿਤੀ 06-05-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਹਿਤ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰਜ।
2. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮਾਲ ਅਫਸਰ।

3. ਪੰਜਾਬ ਰਾਜ ਦੇ ਸਮੂਹ ਸਬ ਰਜਿਸਟਰਾਰਜ।

4. ਪੰਜਾਬ ਰਾਜ ਦੇ ਸਮੂਹ ਸੰਯੁਕਤ ਸਬ ਰਜਿਸਟਰਾਰਜ।

5. ਪ੍ਰੋਜੈਕਟ ਮੈਨੇਜਰ, ਪੀ.ਐਲ.ਆਰ.ਐਸ।

6. ਐਸ.ਆਈ.ਓ, ਐਨ.ਆਈ.ਸੀ, ਪੰਜਾਬ ।

ਕੈਪਟਨ ਕਰਨੈਲ ਸਿੰਘ
ਵਧੀਕ ਸਕੱਤਰ ਮਾਲ
ਵਾਸਤੇ ਵਿੱਤੀ ਕਮਿਸ਼ਨਰ ਮਾਲ-ਕਮ-
ਚੀਫ ਕੰਟਰੋਲਿੰਗ ਰੈਵੀਨਿਊ ਅਥਾਰਟੀ

ਅੰ.ਵਿ.ਪੱਤਰ ਨੰ: 0/02/2020/ST-2-6235 ਚੰਡੀਗੜ੍ਹ ਮਿਤੀ 06-05-2020.

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ/ਵਿਸ਼ੇਸ਼ ਮੁੱਖ ਸਕੱਤਰ ਮਾਲ ਜੀ ਨੂੰ ਉਨ੍ਹਾਂ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕੈਪਟਨ ਕਰਨੈਲ ਸਿੰਘ
ਵਧੀਕ ਸਕੱਤਰ ਮਾਲ
ਵਾਸਤੇ ਵਿੱਤੀ ਕਮਿਸ਼ਨਰ ਮਾਲ-ਕਮ-
ਚੀਫ ਕੰਟਰੋਲਿੰਗ ਰੈਵੀਨਿਊ ਅਥਾਰਟੀ